# BUDHA DAL PUBLIC SCHOOL, SAMANA

## LESSON PLAN

## CLASS - XI

## SUBJECT - PUNJABI

**Name of Teacher: Mrs. Ramandeep Kaur**

**I. ਪੰਜਾਬੀ ਲੋਕ - ਸਾਹਿਤ :-**

1. ਸੁਹਾਗ 2. ਘੋੜੀਆਂ 3. ਬੋਲੀਆਂ (ਲੰਮੀਆਂ)
4. ਢੋਲਾ 5. ਦੰਤ - ਕਥਾਵਾਂ 6. ਪ੍ਰੀਤ - ਕਥਾਵਾਂ

**II. ਵਿਆਕਰਨ :-**

1. ਅਣਡਿੱਠਾ ਪੈਰਾ
2. ਅਖਬਾਰ ਦੇ ਸੰਪਾਦਕ ਨੂੰ ਪੱਤਰ
3. ਸਮਾਜਿਕ, ਸੱਭਿਆਚਾਰਕ ਅਤੇ ਮਨੋਰੰਜਨ ਵਿਸ਼ੇ ਸੰਬੰਧੀ (ਲੇਖ)
4. ਮੁਹਾਵਰੇ
5. ਇਸ਼ਤਿਹਾਰ
6. ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ
   (i) ਦਫ਼ਤਰੀ ਸ਼ਬਦਾਵਲੀ (ii) ਬੈਂਕ ਤੇ ਰੇਲਵੇ ਨਾਲ ਸੰਬੰਧਿਤ ਵਾਕ

**ਪੰਜਾਬੀ ਲੋਕ - ਸਾਹਿਤ :-** ਦੰਤ - ਕਥਾਵਾਂ, ਪ੍ਰੀਤ ਕਥਾਵਾਂ, ਸੁਹਾਗ

**ਵਿਆਕਰਨ :-** ਅਣਡਿੱਠਾ ਪੈਰਾ, ਸੁਹਾਗ, ਦਫ਼ਤਰੀ ਸ਼ਬਦਾਵਲੀ (Pg No. 111 - 115)

**ਵਿਸ਼ਾ:- ਸੁਹਾਗ (ਲੋਕ - ਗੀਤ)**

| | |
|---|---|
| **ਪੂਰਵ ਗਿਆਨ ਦੀ ਪਰਖ** | 1. ਖੁਸ਼ੀ ਦਾ ਪ੍ਰਗਟਾਵਾ ਕਰਨ ਲਈ ਅਸੀਂ ਕੀ ਗਾਉਂਦੇ ਹਾਂ?<br>2. ਪਿੰਡਾਂ ਵਿੱਚ ਜ਼ਿਆਦਾਤਰ ਕਿਹੜੇ ਗੀਤ ਗਾਏ ਜਾਂਦੇ ਹਨ?<br>3. ਕੁੜੀ ਦੇ ਵਿਆਹ ’ਤੇ ਗਾਏ ਜਾਣ ਵਾਲੇ ਗੀਤਾਂ ਨੂੰ ਕੀ ਕਹਿੰਦੇ ਹਨ? |
| **ਉਦੇਸ਼** | ਵਿਦਿਆਰਥੀਆਂ ਨੂੰ ਸੁਹਾਗ ਦੇ ਦੁਆਰਾ ਲੋਕ – ਗੀਤਾਂ ਦੀ ਕਿਸਮਾਂ ਦੇ ਬਾਰੇ ਅਤੇ ਕੁੜੀਆਂ ਦੇ ਮਨੋ – ਭਾਵਾਂ ਅਤੇ ਪਰਿਵਾਰ ਦੇ ਰਿਸ਼ਤਿਆਂ ਬਾਰੇ ਜਾਣੂ ਕਰਵਾਣਾ ਹੈ। |
| **ਤਕਨੀਕੀ ਯੰਤਰ** | ਸਮਾਰਟ ਬੋਰਡ, ਜ਼ੂਮ, ਸਕਰੀਨ ਸ਼ੇਅਰਿੰਗ। |
| **ਸਹਾਇਕ ਸਤੱਗਰੀ** | ਕਿਤਾਬ, white board, video and link |
| **ਵਿਸ਼ਾ ਸਮੱਗਰੀ** | ‘ਸੁਹਾਗ’ ਵਿੱਚ ਵਿਆਹੀ ਜਾਣ ਵਾਲੀ ਕੁੜੀ ਦੇ ਹਾਵ – ਭਾਵ, ਵਿਆਹ ਦੀ ਕਾਮਨਾ, ਸੋਹਣੇ ਵਰ ਅਤੇ ਚੰਗੇ ਘਰ ਦੀ ਲੋਚਾ, ਪੇਕੇ ਤੇ ਸਹੁਰੇ ਘਰ ਨਾਲ ਇੱਕ ਰਸ ਵਿਆਹੁਤਾ ਜ਼ਿੰਦਗੀ ਦੀ ਕਲਪਨਾ, ਮਾਪਿਆਂ ਦਾ ਘਰ ਛੱਡੇ ਜਾਣ ਦਾ ਉਦਰੇਵਾਂ ਅਤੇ ਸੱਭਿਆਚਾਰਕ ਪ੍ਰਭਾਵਾਂ ਦਾ ਉਲੇਖ ਕੀਤਾ ਗਿਆ ਹੰਦਾ ਹੈ। ਬਹੁਤੇ ਸੁਹਾਗ ਧੀ ਵੱਲੋਂ ਬਾਬਲ ਨੂੰ ਹੀ ਸੰਬੋਧਿਤ ਹੁੰਦੇ ਹਨ। ਬਾਬੁਲ ਲਈ ਧੀ ਦਾ ਵਿਆਹ ‘ਧਰਮ’ ਅਖਵਾਉਂਦਾ ਹੈ। ਇਸ ਕਾਰਜ ਵਿੱਚ ਪਰਿਵਾਰ ਦੇ ਸਾਰੇ ਮਰਦ – ਕੁੜੀ ਦੇ ਚਾਚੇ, ਤਾਏ ਅਤੇ ਮਾਮੇ, ਨਾਨੇ ਆਦਿ ਆ ਜੁੜਦੇ ਹਨ। ਸੁਹਾਗ ਦੇ ਗੀਤਾਂ ਵਿਚ ਧੀ ਲਈ ਬਾਬਲ ‘ਰਾਜਾ’ ਵਾਂਗ ਹੁੰਦਾ ਹੋਇਆ ਵੀ ਧੀ ਵਿਆਹ ਕੇ ਨਿਵ ਜਾਂਦਾ ਹੈ। ਧੀ ਦੇ ਵਿਛੜਨ ਸਮੇਂ ਬਾਬਲ ਹੀ ਨਹੀਂ, ਸਗੋਂ ਸਾਰਾ ਪਰਿਵਾਰ ਤੇ ਕਬੀਲਾ ਛਮ – ਛਮ ਰੋਂਦੇ ਹਨ। |
| **ਪੜ੍ਹਾਉਣ ਦਾ ਤਰੀਕਾ** | ਇਸ ਵਿੱਚ ਅਧਿਆਪਕ ਪਾਠ ਨੂੰ ਪੜ੍ਹਾਏਗਾ ਅਤੇ ਨਾਲ ਹੀ ਵਿਦਿਆਰਥੀਆਂ ਨੂੰ ਪਾਠ ਪੜ੍ਹਨ ਲਈ ਕਹੇਗਾ। ਅਧਿਆਪਕਾ ਦੁਆਰਾ ਪਾਠ ਦੇ ਸਰਲ ਅਰਥ, ਔਖੇ ਸ਼ਬਦ ਦੇ ਅਰਥ ਅਤੇ ਪਾਠ ਪਿੱਛੇ ਦਿੱਤਾ ਅਭਿਆਸ ਕਰਵਾਇਆ ਜਾਵੇਗਾ। |
| **ਵਿਦਿਆਰਥੀਆਂ ਦੀ ਸ਼ਮੂਲੀਅਤ** | ਇਸ ਵਿੱਚ ਇਹ ਪਤਾ ਲੱਗਦਾ ਹੈ ਕਿ ਵਿਦਿਆਰਥੀਆਂ ਨੇ ਕਿੰਨੇ ਧਿਆਨ ਨਾਲ ‘ਸੁਹਾਗ’ ਨੂੰ ਸੁਣਿਆ ਹੈ। ਵਿਦਿਆਰਥੀਆਂ ਨੇ ਸੁਣਨ ਦੌਰਾਨ ਅਧਿਆਪਕ ਤੋਂ ਕਿੰਨੇ ਕੁ ਪ੍ਰਸ਼ਨ ਪੁੱਛੇ ਜਾਂ ਵਿਦਿਆਰਥੀ ਪ੍ਰਸ਼ਨ ਪੁੱਛਣਗੇ। |
| **ਪੜਚੋਲ ਅਤੇ ਸਪੱਸ਼ਟੀਕਰਨ** | ਅਧਿਆਪਕ ਵਿਦਿਆਰਥੀਆਂ ਤੋਂ ਪਾਠ ਨਾਲ ਸੰਬੰਧਤ ਪ੍ਰਸ਼ਨ ਪੁੱਛੇਗਾ ਅਤੇ ਵਿਦਿਆਰਥੀਆਂ ਦੁਆਰਾ ਪੁੱਛੇ ਗਏ ਪ੍ਰਸ਼ਨ ਦੇ ਉੱਤਰ ਦਿੱਤੇ ਜਾਣਗੇ। |
| **ਕਲਾਤਮਕ ਕਿਰਿਆਵਾਂ** | ਕਿਤਾਬ ਵਿੱਚ ਦਿੱਤੇ ਸੁਹਾਗਾਂ ਤੋਂ ਇਲਾਵਾ ਵਿਆਹਾਂ ਵਿੱਚ ਜੋ ਸੁਹਾਗ ਗਾਏ ਜਾਂਦੇ ਹਨ ਦਾ ਚਾਰਟ ਬਣਵਾਇਆ ਗਿਆ। |
| **ਦੁਹਰਾਈ** | ‘ਸੁਹਾਗਾਂ’ ਦੇ ਅਧਿਆਪਕ ਦੁਆਰਾ ਕਰਵਾਏ ਅਰਥ ਦਾ ਸਾਰ ਕਰਨ ਲਈ ਕਿਹਾ ਗਿਆ। ਔਖੇ ਸ਼ਬਦਾਂ ਦੇ ਅਰਥ ਯਾਦ ਕਰਨ ਲਈ ਕਿਹਾ ਗਿਆ। |
| **ਘਰ ਦਾ ਕੰਮ** | ਪਾਠ ਦੇ ਪਿੱਛੇ ਦਿੱਤੇ ਅਭਿਆਸ ਵਾਲੇ ਪ੍ਰਸ਼ਨਾਂ ਦੇ ਉੱਤਰ ਕਾਪੀ ਵਿੱਚ ਲਿਖਣ ਲਈ ਕਿਹਾ ਗਿਆ। |
| **ਮੁੱਲਾਂਕਣ** | ਸੁਹਾਗਾਂ ਨੂੰ ਪੜ੍ਹ ਕੇ ਵਿਦਿਆਰਥੀਆਂ ਨੂੰ ਇੱਕ ਲੜਕੀ ਦਾ ਆਪਣੇ ਪੇਕੇ ਪਰਿਵਾਰ ਨਾਲ ਨੇੜਤਾ ਦਾ ਅਤੇ ਘਰ – ਪਰਿਵਾਰ ਨੂੰ ਛੱਡਣ ’ਤੇ ਮਨ ਉੱਤੇ ਪੈਂਦੇ ਪ੍ਰਭਾਵ ਬਾਰੇ ਅਤੇ ਨਵੇਂ ਰਿਸ਼ਤਿਆਂ ਦੇ ਜੁੜਨ ਬਾਰੇ ਪਤਾ ਚੱਲੇਗਾ। |

**ਵਿਸ਼ਾ:– ਘੋੜੀਆਂ (ਲੋਕ – ਗੀਤ)**

| | |
|---|---|
| **ਪੂਰਵ ਗਿਆਨ ਦੀ ਪਰਖ** | 1. ਮੁੰਡੇ ਦੇ ਵਿਆਹ 'ਤੇ ਗਾਏ ਜਾਂਦੇ ਗੀਤਾਂ ਨੂੰ ਕੀ ਕਹਿੰਦੇ ਹਨ?<br>2. ਮੁੰਡੇ ਦੇ ਵਿਆਹ 'ਤੇ ਗਾਈ ਜਾਣ ਵਾਲੀ ਕੋਈ ਇੱਕ ਘੋੜੀ ਦੱਸੋ? |
| **ਉਦੇਸ਼** | ਵਿਦਿਆਰਥੀਆਂ ਨੂੰ ਘੋੜੀਆਂ ਦੁਆਰਾ ਮੁੰਡੇ ਦੀ ਅਹਿਮੀਅਤ, ਮਾਪਿਆਂ ਤੇ ਸਾਕ – ਸੰਬੰਧੀਆਂ ਦੇ ਮੋਹ ਅਤੇ ਲਾਡ – ਪਿਆਰ ਨਾਲ ਪਾਲਣ ਬਾਰੇ ਜਾਣੂ ਕਰਵਾਣਾ। |
| **ਤਕਨੀਕੀ ਯੰਤਰ** | ਸਮਾਰਟ ਬੋਰਡ, ਜ਼ੂਮ, ਸਕਰੀਨ ਸ਼ੇਅਰਿੰਗ। |
| **ਸਹਾਇਕ ਸਤੱਗਰੀ** | ਕਿਤਾਬ, white board, video and link |
| **ਵਿਸ਼ਾ ਸਮੱਗਰੀ** | 'ਘੋੜੀ' ਵਿਆਹ ਦੇ ਦਿਨਾਂ ਵਿੱਚ ਇਸਤਰੀਆਂ ਵਲੋਂ ਮੁੰਡੇ ਦੇ ਘਰ ਵਿੱਚ ਗਾਇਆ ਜਾਣ ਵਾਲਾ ਲੋਕ – ਗੀਤ ਹੈ। ਘੋੜੀਆਂ ਵਿੱਚ ਮੁੰਡੇ ਦੀ ਮਾਂ, ਭੈਣ ਤੇ ਹੋਰ ਨਜ਼ਦੀਕੀ ਰਿਸ਼ਤੇਦਾਰਾਂ ਦੀਆਂ ਇਸਤਰੀਆਂ ਵੱਲੋਂ ਮੁੰਡੇ ਦੇ ਖਾਨਦਾਨ ਦੀ ਵਡਿਆਈ ਦੇ ਨਾਲ ਮੁੰਡੇ ਦੇ ਜਨਮ ਤੋਂ ਪਾਲਣਾ ਦਾ ਵਰਨਣ ਵੀ ਹੁੰਦਾ ਹੈ। ਇਨ੍ਹਾਂ ਵਿੱਚ ਮੁੰਡੇ ਦੇ ਘੋੜੀ ਚੜ੍ਹਨ ਸਮੇਂ ਉਸ ਦੇ ਬਾਬੇ, ਬਾਪੂ, ਚਾਚਿਆਂ – ਤਾਇਆਂ ਤੇ ਮਾਮੇ ਦੀ ਸ਼ਾਨ – ਸ਼ੌਕਤ ਦੱਸੀ ਜਾਂਦੀ ਹੈ ਤੇ ਮੁੰਡੇ ਦੀ ਸੁੰਦਰਤਾ, ਪਹਿਰਾਵੇ ਤੇ ਗੁਣਾਂ ਦੀ ਤਾਰੀਫ਼ ਕੀਤੀ ਹੁੰਦੀ ਹੈ। ਘੁੜੀਆਂ ਗਾਏ ਜਾਣ ਦੀ ਲੋੜ ਮੁਤਾਬਕ ਇਹਨਾਂ ਵਿੱਚ ਸ਼ਬਦਾਂ ਅਤੇ ਵਾਕਾਂਸ਼ਾਂ ਵਿੱਚ ਵਾਧੇ – ਘਾਟੇ ਕੀਤੇ ਜਾਂਦੇ ਹਨ। |
| **ਪੜ੍ਹਾਉਣ ਦਾ ਤਰੀਕਾ** | ਇਸ ਵਿੱਚ ਅਧਿਆਪਕ ਘੋੜੀਆਂ ਨੂੰ ਪੜ੍ਹਾਏਗਾ ਅਤੇ ਨਾਲ ਹੀ ਵਿਦਿਆਰਥੀਆਂ ਨੂੰ ਪੜ੍ਹਨ ਲਈ ਕਹੇਗਾ। ਅਧਿਆਪਕ ਦੁਆਰਾ ਘੋੜੀਆਂ ਦੇ ਸਰਲ – ਅਰਥ, ਔਖਾਂ ਸ਼ਬਦਾਂ ਦੇ ਅਰਥ ਅਤੇ ਪਾਠ ਪਿੱਛੇ ਦਿੱਤਾ ਅਭਿਆਸ ਕਰਵਾਇਆ ਜਾਵੇਗਾ। |
| **ਵਿਦਿਆਰਥੀਆਂ ਦੀ ਸ਼ਮੂਲੀਅਤ** | ਇਸ ਵਿੱਚ ਇਹ ਪਤਾ ਲੱਗਦਾ ਹੈ ਕਿ ਵਿਦਿਆਰਥੀਆਂ ਨੇ 'ਘੋੜੀਆਂ' ਨੂੰ ਕਿੰਨੇ ਧਿਆਨ ਨਾਲ ਸੁਣਿਆ ਅਤੇ ਵਿਦਿਆਰਥੀ ਅਧਿਆਪਕ ਤੋਂ ਇਸਦੇ ਬਾਰੇ ਪ੍ਰਸ਼ਨ ਪੁੱਛਣਗੇ। |
| **ਪੜਚੋਲ ਅਤੇ ਸਪੱਸ਼ਟੀਕਰਨ** | ਅਧਿਆਪਕ ਵਿਦਿਆਰਥੀਆਂ ਤੋਂ ਪਾਠ ਸੰਬੰਧਿਤ ਪ੍ਰਸ਼ਨ ਪੁੱਛੇਗਾ ਅਤੇ ਵਿਦਿਆਰਥੀਆਂ ਦੁਆਰਾ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿੱਤੇ ਜਾਣਗੇ। |
| **ਕਲਾਤਮਕ ਕਿਰਿਆਵਾਂ** | ਕਿਤਾਬ ਵਿੱਚ ਦਿੱਤੀਆਂ ਘੋੜੀਆਂ ਤੋਂ ਇਲਾਵਾ ਚਾਰਟ 'ਤੇ ਇੱਕ ਘੋੜੀ ਲਿਖਣ ਲਈ ਦਿੱਤੀ ਜਾਵੇਗੀ। |
| **ਦੁਹਰਾਈ** | ਘੋੜੀਆਂ ਵਿੱਚ ਆਏ ਸ਼ਬਦਾਂ ਦੇ ਅਰਥ ਯਾਦ ਕਰਨ ਲਈ ਅਤੇ ਸਰਲ – ਅਰਥ ਯਾਦ ਕਰਵਾਏ ਗਏ। |
| **ਘਰ ਦਾ ਕੰਮ** | ਪਾਠ ਦੇ ਪਿੱਛੇ ਦਿੱਤੇ ਅਭਿਆਸ ਦੇ ਪ੍ਰਸ਼ਨਾਂ ਦੇ ਉੱਤਰ ਕਾਪੀ 'ਤੇ ਕਰਨ ਲਈ ਕਿਹਾ ਗਿਆ । |
| **ਮੁੱਲਾਂਕਣ** | 'ਘੋੜੀਆਂ' ਤੋਂ ਵਿਦਿਆਰਥੀਆਂ ਨੂੰ ਲੜਕੇ ਨੂੰ ਕਿਵੇਂ ਚਾਵਾਂ ਨਾਲ ਪਾਲਿਆ ਜਾਂਦਾ ਹੈ ਅਤੇ ਉਸਦੇ ਆਪਣੇ ਰਿਸ਼ਤਿਆਂ ਨਾਲ ਕਿੰਨੇ ਡੂੰਘੇ ਅਤੇ ਪਿਆਰੇ ਸੰਬੰਧ ਹਨ ਬਾਰੇ ਪਤਾ ਚੱਲੇਗਾ। |

**ਵਿਸ਼ਾ:– ਬੋਲੀਆਂ (ਲੋਕ – ਗੀਤ) (ਲੰਮੀਆਂ)**

| | |
|---|---|
| **ਪੂਰਵ ਗਿਆਨ ਦੀ ਪਰਖ** | 1. ਪੰਜਾਬ ਦੇ ਸਕੂਲਾਂ ਵਿੱਚ ਸਾਲਾਨਾ ਸਮਾਰੋਹ ਦਾ ਅੰਤ ਕਿਸ ਆਈਟਮ ਨਾਲ ਹੁੰਦਾ ਹੈ?<br>2. ਗਿੱਧਾ ਜਾਂ ਭੰਗੜਾ ਪਾਉਣ ਲਈ ਢੋਲਕੀ ਜਾਂ ਢੋਲ ਦੇ ਨਾਲ ਕੀ ਪਾਈਆਂ ਜਾਂਦੀਆਂ ਹਨ? |
| **ਉਦੇਸ਼** | ਵਿਦਿਆਰਥੀਆਂ ਨੂੰ ਬੋਲੀਆਂ ਪਾਣ ਦੇ ਢੰਗ ਤੋਂ ਜਾਣੂ ਕਰਵਾਣਾ ਅਤੇ ਸਮੂਹ ਵਿੱਚ ਕਿਵੇਂ ਬੋਲੀਆਂ ਪਾਈਆਂ ਜਾਂਦੀਆਂ ਹਨ ਬਾਰੇ ਦੱਸਣਾ। |
| **ਤਕਨੀਕੀ ਯੰਤਰ** | ਸਮਾਰਟ ਬੋਰਡ, ਜ਼ੂਮ, ਸਕਰੀਨ ਸ਼ੇਅਰਿੰਗ। |
| **ਸਹਾਇਕ ਸਤੱਗਰੀ** | ਕਿਤਾਬ, white board, video and link |
| **ਵਿਸ਼ਾ ਸਮੱਗਰੀ** | ਸਮੂਹਿਕ ਰੂਪ ਵਿੱਚ ਗਾਇਆ ਜਾਣ ਵਾਲਾ ਲੋਕ – ਗੀਤ 'ਬੋਲੀਆਂ' ਹਨ। ਇਸ ਵਿੱਚ ਪਹਿਲੀਆਂ ਤੁਕਾਂ ਦਾ ਤੋਲ ਬਰਾਬਰ ਹੁੰਦਾ ਹੈ, ਪਰ ਅੰਤਲੀ ਤੁਕ ਅੱਧੀ ਹੁੰਦੀ ਹੈ, ਜਿਸ ਨੂੰ 'ਤੋੜਾ' ਕਿਹਾ ਜਾਂਦਾ ਹੈ। ਮਰਦ ਇਨ੍ਹਾਂ ਨੂੰ ਭੰਗੜੇ ਵਿੱਚ ਗਾਉਂਦੇ ਹਨ ਤੇ ਇਸਤਰੀਆਂ ਇੰਨ੍ਹਾਂ ਨੂੰ ਗਿੱਧੇ ਵਿੱਚ ਗਾਉਂਦੀਆਂ ਹਨ। ਮਰਦਾਂ ਦੀਆਂ ਬੋਲੀਆਂ ਵਿੱਚ ਇਸਤਰੀ – ਹੁਸਨ ਦੀ ਵਡਿਆਈ, ਕਿਸਾਨੀ ਜੀਵਨ, ਪ੍ਰਕਿਰਤੀ, ਮੇਲੇ ਤੇ ਤਿਉਹਾਰ, ਆਰਥਿਕ ਤੇ ਸਮਾਜਿਕ ਪਹਿਲੂ ਹੁੰਦੇ ਹਨ। ਔਰਤਾਂ ਦੀਆਂ ਬੋਲੀਆਂ ਵਿੱਚ ਉਨ੍ਹਾਂ ਦੇ ਹਰ ਜੀਵਨ ਅਵਸਥਾ ਦੇ ਅਨੁਭਵ, ਮਾਨਸਿਕਤਾ ਤੇ ਜੀਵਨ – ਘੁੱਟਣ ਦਾ ਪ੍ਰਗਟਾਵਾ ਮਿਲਦਾ ਹੈ। ਲੰਮੀ ਬੋਲੀ ਪਾਉਣ ਸਮੇਂ ਪਹਿਲਾਂ ਇਕ ਜਣਾ ਬੋਲੀ ਸ਼ੁਰੂ ਕਰਦਾ ਹੈ, ਬਾਕੀ ਮੈਂਬਰ ਨਾਲੋ – ਨਾਲ ਹੁੰਗਾਰਾ ਭਰਦੇ ਹਨ। |
| **ਪੜ੍ਹਾਉਣ ਦਾ ਤਰੀਕਾ** | ਇਸ ਵਿੱਚ ਅਧਿਆਪਕ ਪਾਠ ਨੂੰ ਪੜ੍ਹਾਏਗਾ ਅਤੇ ਨਾਲ ਹੀ ਵਿਦਿਆਰਥੀਆਂ ਨੂੰ ਪੜ੍ਹਨ ਲਈ ਕਹੇਗਾ। ਅਧਿਆਪਕ ਦੁਆਰਾ ਪਾਠ ਦੇ ਸਰਲ – ਅਰਥ, ਔਖਾਂ ਸ਼ਬਦਾਂ ਦੇ ਅਰਥ ਅਤੇ ਪਾਠ ਪਿੱਛੇ ਦਿੱਤਾ ਅਭਿਆਸ ਕਰਵਾਇਆ ਜਾਵੇਗਾ। |
| **ਵਿਦਿਆਰਥੀਆਂ ਦੀ ਸ਼ਮੂਲੀਅਤ** | ਇਸ ਵਿੱਚ ਇਹ ਪਤਾ ਲੱਗਦਾ ਹੈ ਕਿ ਵਿਦਿਆਰਥੀਆਂ ਨੇ ਕਿੰਨੇ ਧਿਆਨ ਨਾਲ 'ਬੋਲੀਆਂ' ਨੂੰ ਸੁਣਿਆ। ਵਿਦਿਆਰਥੀ ਸੁਣਨ ਦੌਰਾਨ ਅਧਿਆਪਕ ਤੋਂ ਪ੍ਰਸ਼ਨ ਪੁੱਛਣਗੇ। |
| **ਪੜਚੋਲ ਅਤੇ ਸਪੱਸ਼ਟੀਕਰਨ** | ਅਧਿਆਪਕ ਵਿਦਿਆਰਥੀਆਂ ਤੋਂ ਪਾਠ ਸੰਬੰਧਿਤ ਪ੍ਰਸ਼ਨ ਪੁੱਛੇਗਾ ਅਤੇ ਵਿਦਿਆਰਥੀਆਂ ਦੁਆਰਾ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿੱਤੇ ਜਾਣਗੇ। |
| **ਕਲਾਤਮਕ ਕਿਰਿਆਵਾਂ** | ਕਿਤਾਬ ਵਿੱਚ ਦਿੱਤੀਆਂ ਬੋਲੀਆਂ ਤੋਂ ਇਲਾਵਾ ਚਾਰਟ 'ਤੇ ਇੱਕ ਬੋਲੀਆਂ ਲਿਖਣ ਲਈ ਦਿੱਤੀ ਜਾਵੇਗੀ। |
| **ਦੁਹਰਾਈ** | ਬੋਲੀਆਂ (ਲੰਮੀਆਂ) ਵਿੱਚ ਆਏ ਔਖੇ ਸ਼ਬਦਾਂ ਦੇ ਅਰਥ ਯਾਦ ਕਰਨ ਲਈ ਅਤੇ ਸਰਲ – ਅਰਥ ਯਾਦ ਕਰਵਾਏ ਗਏ। |
| **ਘਰ ਦਾ ਕੰਮ** | ਪਾਠ ਦੇ ਪਿੱਛੇ ਦਿੱਤੇ ਅਭਿਆਸ ਦੇ ਪ੍ਰਸ਼ਨਾਂ ਦੇ ਉੱਤਰ ਕਾਪੀ 'ਤੇ ਕਰਨ ਲਈ ਕਿਹਾ ਗਿਆ । |
| **ਮੁੱਲਾਂਕਣ** | ਵਿਦਿਆਰਥੀਆਂ ਨੂੰ ਇਹ ਪਤਾ ਲੱਗਿਆ ਕਿ ਕਿਹੜੀਆਂ ਬੋਲੀਆਂ ਗਿੱਧੇ ਵਿੱਚ ਅਤੇ ਕਿਹੜੀਆਂ ਭੰਗੜੇ ਵਿੱਚ ਪਾਈਆ ਜਾਂਦੀਆਂ ਹਨ ਦਾ ਅੰਤਰ ਸਪਸ਼ਟ ਹੋਇਆ। |

**ਵਿਸ਼ਾ:- ਢੋਲਾ (ਲੋਕ – ਗੀਤ)**

| | |
|---|---|
| **ਪੂਰਵ ਗਿਆਨ ਦੀ ਪਰਖ** | 1. ਲੋਕ – ਗੀਤਾਂ ਦੀ ਕਿਹੜੀ – ਵੰਨਗੀ ਨੂੰ ਪੁਰਾਤਨ ਖੁੱਲ੍ਹੀ ਕਵਿਤਾ ਕਿਹਾ ਜਾ ਸਕਦਾ ਹੈ?<br>2. 'ਢੋਲਾ' ਪੰਜਾਬ ਦੇ ਕਿਸ ਖੇਤਰ ਦਾ ਲੋਕ – ਗੀਤ ਹੈ?<br>3. ਕਿਹੜੇ ਲੋਕ – ਗੀਤ ਗਾਉਣ ਸਮੇਂ ਗਾਇਕ ਆਪਣੇ ਸੱਜੇ ਕੰਨ ਉੱਤੇ ਹੱਥ ਰੱਖ ਲੈਂਦਾ ਹੈ? |
| **ਉਦੇਸ਼** | ਵਿਦਿਆਰਥੀਆਂ ਨੂੰ ਇਹ ਦੱਸਣਾ ਕਿ ਅਜਿਹੇ ਲੋਕ – ਗੀਤ ਵੀ ਹਨ ਜਿਨ੍ਹਾਂ ਨੂੰ ਗਾਉਣ ਸਮੇਂ ਕਿਸੇ ਸਾਜ਼ ਦੀ ਵਰਤੋਂ ਨਹੀਂ ਹਬੰਦੀ ਤੇ ਗਾਉਣ ਦਾ ਤਰੀਕਾ ਦੱਸਣਾ। |
| **ਤਕਨੀਕੀ ਯੰਤਰ** | ਸਮਾਰਟ ਬੋਰਡ, ਜ਼ੂਮ, ਸਕਰੀਨ ਸ਼ੇਅਰਿੰਗ। |
| **ਸਹਾਇਕ ਸਤੱਗਰੀ** | ਕਿਤਾਬ, white board, video and link |
| **ਵਿਸ਼ਾ ਸਮੱਗਰੀ** | ਢੋਲਾ ਪੱਛਮੀ ਪੰਜਾਬ ਦਾ ਲੋਕ – ਗੀਤ ਹੈ। ਢੋਲੇ ਲੋਕ – ਕਵੀਆਂ ਦੁਆਰਾ ਰਚੇ ਹੁੰਦੇ ਹਨ, ਪਰ ਇਨ੍ਹਾਂ ਉੱਪਰ ਦਾ ਨਾਂ ਅੰਕਿਤ ਨਹੀਂ ਹੁੰਦਾ। ਬਾਰ ਦੇ ਲੋਕ ਇਨ੍ਹਾਂ ਨੂੰ ਸ਼ਾਇਰ ਕਹਿੰਦੇ ਹਨ। ਇਨ੍ਹਾਂ ਵਿੱਚ ਸਮਕਾਲੀਨ ਮੱਧਕਾਲੀ ਸਮਾਜ ਦਾ ਚਿੱਤਰ ਹੁੰਦਾ ਹੈ। ਪੋਠੋਹਾਰੀ, ਧਨੀ ਇਲਾਕੇ ਦੇ ਢੋਲ ਤਿੰਨ – ਤਿੰਨ ਸਤਰਾਂ ਦੇ ਹੁੰਦੇ ਹਨ, ਪਰ ਬਾਰ ਦੇ ਢੋਲੇ ਲੰਮੇਰੇ ਹੁੰਦੇ ਹਨ। ਇਸ ਵਿਚ ਨਾ ਕਿਸੇ ਛੰਦ ਦੀ ਵਰਤੋਂ ਕੀਤੀ ਹੁੰਦੀ ਹੈ ਅਤੇ ਨਾ ਹੀ ਇਹ ਕਿਸੇ ਸਾਜ਼ ਨਾਲ ਗਾਇਆ ਜਾਂਦਾ ਹੈ। ਸਗੋਂ ਗਾਉਣ ਵਾਲਾ ਇੱਕ ਕੰਨ ਉੱਤੇ ਹੱਥ ਰੱਖ ਕੇ ਗਾਉਂਦੇ ਹੈ। ਇਨ੍ਹਾਂ ਵਿੱਚ ਪ੍ਰੇਮੀਆਂ ਦੇ ਗਿਲੇ – ਸ਼ਿਕਵੇ, ਉਲਾਂਭੇ, ਨੂੰਹ – ਸੱਸ ਦੇ ਰਿਸ਼ਤੇ, ਰਾਠਾਂ ਦੀਆਂ ਲੜਾਈਆਂ ਤੇ ਹੀਰ – ਰਾਂਝਾ, ਸੱਸੀ ਪੁੰਨੂੰ ਆਦਿ ਪ੍ਰੇਮ – ਕਹਾਣੀਆਂ ਦਾ ਉਲੇਖ ਹੁੰਦਾ ਹੈ। ਕਈ ਢੋਲਿਆਂ ਵਿੱਚ ਸੂਫ਼ੀ ਰੰਗ ਵੀ ਹੁੰਦਾ ਹੈ। |
| **ਪੜ੍ਹਾਉਣ ਦਾ ਤਰੀਕਾ** | ਇਸ ਵਿੱਚ ਅਧਿਆਪਕ ਪਾਠ ਨੂੰ ਪੜ੍ਹਾਏਗਾ ਅਤੇ ਨਾਲ ਹੀ ਵਿਦਿਆਰਥੀਆਂ ਨੂੰ ਪੜ੍ਹਨ ਲਈ ਕਹੇਗਾ। ਅਧਿਆਪਕ ਦੁਆਰਾ ਪਾਠ ਦੇ ਸਰਲ – ਅਰਥ, ਔਖੇ ਸ਼ਬਦਾਂ ਦੇ ਅਰਥ ਅਤੇ ਪਾਠ ਪਿੱਛੇ ਦਿੱਤਾ ਅਭਿਆਸ ਕਰਵਾਇਆ ਜਾਵੇਗਾ। |
| **ਵਿਦਿਆਰਥੀਆਂ ਦੀ ਸ਼ਮੂਲੀਅਤ** | ਇਸ ਵਿੱਚ ਪਤਾ ਲੱਗਦਾ ਹੈ ਕਿ ਵਿਦਿਆਰਥੀਆਂ ਨੇ ਕਿੰਨੇ ਧਿਆਨ ਨਾਲ 'ਢੋਲੇ' ਸੁਣੇ। ਵਿਦਿਆਰਥੀਆਂ ਸੁਣਨ ਦੌਰਾਨ ਅਧਿਆਪਕ ਤੋਂ ਕਿੰਨੇ ਕੁ ਪ੍ਰਸ਼ਨ ਪੁੱਛੇ। |
| **ਪੜਚੋਲ ਅਤੇ ਸਪੱਸ਼ਟੀਕਰਨ** | ਅਧਿਆਪਕ ਵਿਦਿਆਰਥੀਆਂ ਤੋਂ ਪਾਠ ਸੰਬੰਧਿਤ ਪ੍ਰਸ਼ਨ ਪੁੱਛੇਗਾ ਅਤੇ ਵਿਦਿਆਰਥੀਆਂ ਦੁਆਰਾ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿੱਤੇ ਜਾਣਗੇ। |
| **ਕਲਾਤਮਕ ਕਿਰਿਆਵਾਂ** | ਚਾਰਟ 'ਤੇ ਢੋਲਾ ਲਿਖਣ ਲਈ ਦਿੱਤਾ ਜਾਵੇਗਾ। |
| **ਦੁਹਰਾਈ** | ਔਖੇ ਸ਼ਬਦ ਦੇ ਅਰਥ ਅਤੇ ਸਰਲ – ਅਰਥ ਯਾਦ ਕਰਨ ਲਈ ਦਿੱਤੇ ਗਏ। |
| **ਘਰ ਦਾ ਕੰਮ** | ਪਾਠ ਦੇ ਪਿੱਛੇ ਦਿੱਤੇ ਅਭਿਆਸ ਦੇ ਪ੍ਰਸ਼ਨਾਂ – ਉੱਤਰ ਕਾਪੀ 'ਤੇ ਕਰਨ ਲਈ ਕਿਹਾ ਗਿਆ । |
| **ਮੁੱਲਾਂਕਣ** | ਵਿਦਿਆਰਥੀ ਲੋਕਾਂ – ਗੀਤਾਂ ਦੀ ਇੱਕ ਕਿਸਮ 'ਢੋਲਾ' ਤੋਂ ਜਾਣੂ ਹੋਏ। |

**ਵਿਸ਼ਾ:– ਦੰਤ – ਕਥਾਵਾਂ (ਪੰਜਾਬੀ ਲੋਕ – ਸਾਹਿਤ)**

| | |
|---|---|
| **ਪੂਰਵ ਗਿਆਨ ਦੀ ਪਰਖ** | 1. 'ਦੁੱਲਾ ਭੱਟੀ' ਦੀ ਕੀ ਕਹਾਣੀ ਹੈ?<br>2. 'ਪੂਰਨ ਭਗਤ' ਕੌਣ ਸੀ?<br>3.'ਦੰਤ ਕਥਾ' ਤੋਂ ਕਹ ਭਾਵ ਹੈ? |
| **ਉਦੇਸ਼** | ਵਿਦਿਆਰਥੀਆਂ ਨੂੰ ਆਪਣੇ ਵਿਰਸੇ ਬਾਰੇ ਜਾਣੂ ਕਰਵਾਣਾ ਕਿ ਉਸ ਦੇ ਪੰਜਾਬੀ ਸੱਭਿਆਚਾਰ ਵਿੱਚ ਲੋਕਾਂ ਵਿੱਚ ਪ੍ਰੇਮ, ਸੰਜਮ, ਸਾਹਸ, ਅਣਖ ਅਤੇ ਵੀਰਤਾ ਜਿਹੇ ਗੁਣ ਸ਼ਾਮਿਲ ਹਨ। |
| **ਤਕਨੀਕੀ ਯੰਤਰ** | ਸਮਾਰਟ ਬੋਰਡ, ਜ਼ੂਮ, ਸਕਰੀਨ ਸ਼ੇਅਰਿੰਗ। |
| **ਸਹਾਇਕ ਸਤੱਗਰੀ** | ਕਿਤਾਬ, white board, video and link |
| **ਵਿਸ਼ਾ ਸਮੱਗਰੀ** | ਪੰਜਾਬੀ ਲੋਕ - ਸਾਹਿਤ ਵਿਚ ਦੰਤ - ਕਥਾਵਾਂ ਦਾ ਵੱਡਾ ਖਜ਼ਾਨਾ ਮੌਜੂਦ ਹੈ। ਇਸ ਵਿਚ ਇਤਿਹਾਸ ਤੇ ਗਲਪ ਦਾ ਸੁੰਦਰ ਸੁਮੇਲ ਹੁੰਦਾ ਹੈ। ਦੰਤ - ਕਥਾਵਾਂ ਦੀ ਕਹਾਣੀ ਪੀੜ੍ਹੀ ' ਦਰ ' ਪੀੜ੍ਹੀ ਚਲਦੀ ਹੈ ਤੇ ਨਾਲੋਂ ਨਾਲ ਇਸ ਵਿੱਚ ਵਾਧਾ ਹੁੰਦਾ ਜਾਂਦਾ ਹੈ। ਪੰਜਾਬ ਵਿੱਚ ਪ੍ਰੇਮੀਆਂ, ਜੋਗੀਆਂ ਤੇ ਰਾਜਿਆਂ ਨਾਲ ਸੰਬੰਧਿਤ ਬਹੁਤ ਸਾਰੀਆਂ ਦੰਤ - ਕਥਾਵਾਂ ਪ੍ਰਚਲਿਤ ਹਨ। ਜੋਗੀ ਮੱਤ ਦੇ ਪ੍ਰਭਾਵ ਹੇਠ ਗੋਪੀ ਚੰਦ, ਭਰਥਰੀ ਹਰੀ, ਗੌਰਖਨਾਥ ਅਤੇ ਪੂਰਨ ਨਾਥ ਜੋਗੀ, ਰਾਜਾ ਰਸਾਲੂ ਤੇ ਦੁੱਲਾ ਭੱਟੀ ਬੀਰ ਭਾਵਨਾ ਨੂੰ ਉਜਾਗਰ ਕਰਦੀਆਂ ਹਨ। ਪੂਰਨ ਭਗਤ, ਰਾਜਾ ਰਸਾਲੂ ਤੇ ਦੁੱਲਾ ਭੱਟੀ ਪੰਜਾਬ ਦੀਆਂ ਦੰਤ - ਕਥਾਵਾਂ ਹਨ। |
| **ਪੜ੍ਹਾਉਣ ਦਾ ਤਰੀਕਾ** | ਅਧਿਆਪਕ ਪਹਿਲਾਂ ਕਹਾਣੀਆਂ ਬਾਰੇ ਸੰਖੇਪ ਵਿੱਚ ਦੱਸੇਗਾ ਫਿਰ ਅਧਿਆਪਕ ਅਤੇ ਵਿਦਿਆਰਥੀ ਮਿਲ ਕੇ ਪਾਠ ਨੂੰ ਪੜ੍ਹਨਗੇ। ਔਖੇ ਸ਼ਬਦਾਂ ਦੇ ਅਰਥ ਅਤੇ ਪਾਠ ਨੂੰ ਸਰਲ ਕਰਕੇ ਸਮਝਾਇਆ ਜਾਵੇਗਾ। ਪਾਠ ਦੇ ਪਿੱਛੇ ਦਿੱਤਾ ਅਭਿਆਸ ਕਰਵਾਇਆ ਜਾਵੇਗਾ। |
| **ਵਿਦਿਆਰਥੀਆਂ ਦੀ ਸ਼ਮੂਲੀਅਤ** | ਇਸ ਵਿੱਚ ਪਤਾ ਲੱਗਦਾ ਹੈ ਕਿ ਕਿੰਨੇ ਧਿਆਨ ਨਾਲ ਵਿਦਿਆਰਥੀਆਂ ਨੇ ਕਹਾਣੀਆਂ ਨੂੰ ਸੁਣਿਆ ਅਤੇ ਵਿਦਿਆਰਥੀ ਅਧਿਆਪਕ ਤੋਂ ਪ੍ਰਸ਼ਨ ਪੁੱਛਣਗੇ। |
| **ਪੜਚੋਲ ਅਤੇ ਸਪੱਸ਼ਟੀਕਰਨ** | ਅਧਿਆਪਕ ਵਿਦਿਆਰਥੀਆਂ ਤੋਂ ਪਾਠ ਸੰਬੰਧਿਤ ਪ੍ਰਸ਼ਨ ਪੁੱਛੇਗਾ ਅਤੇ ਵਿਦਿਆਰਥੀਆਂ ਦੁਆਰਾ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦੇਵੇਗਾ। |
| **ਕਲਾਤਮਕ ਕਿਰਿਆਵਾਂ** | ਦੁੱਲਾ ਭੱਟੀ ਦਾ ਲੋਹੜੀ ਨਾਲ ਸੰਬੰਧਤ ਗੀਤ ਚਾਰਟ 'ਤੇ ਲਿਖਣ ਲਈ ਦਿੱਤਾ ਗਿਆ। |
| **ਦੁਹਰਾਈ** | ਕਹਾਣੀਆਂ ਯਾਦ ਕਰਨ ਲਈ ਕਿਹਾ ਗਿਆ। |
| **ਘਰ ਦਾ ਕੰਮ** | ਪਾਠ ਦੇ ਪਿੱਛੇ ਦਿੱਤੇ ਅਭਿਆਸ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਕਾਪੀ 'ਤੇ ਕਰਨ ਲਈਂ ਕਹਾ ਗਿਆ। |
| **ਮੁੱਲਾਂਕਣ** | ਵਿਦਿਆਰਥੀ 'ਪੂਰਨ ਭਗਤ', 'ਰਾਜਾ ਰਸਾਲੂ' ਅਤੇ 'ਦੁੱਲਾ ਭੱਟੀ' ਦੇ ਜੀਵਨ ਤੋਂ ਜਾਣੂ ਹੋਏ। |

**ਵਿਸ਼ਾ:- ਪ੍ਰੀਤ - ਕਥਾਵਾਂ (ਪੰਜਾਬੀ ਲੋਕ - ਸਾਹਿਤ)**

| | |
|---|---|
| **ਪੂਰਵ ਗਿਆਨ ਦੀ ਪਰਖ** | 1. ਉਸ ਪ੍ਰੀਤ – ਕਹਾਣੀ ਦਾ ਨਾਂ ਦੱਸੋ ਜਿਸ ਕਾਰਨ ਵਾਰਸ ਸ਼ਾਹ ਪੰਜਾਬੀਆਂ ਵਿੱਚ ਹਰਮਨ – ਪਿਆਰਾ ਹੋਇਆ?<br>2. ਕੀ ਤੁਸੀਂ ਦੋ ਪ੍ਰੀਤ – ਕਥਾਵਾਂ ਦੇ ਕਿੱਸਾਕਾਰਾਂ ਦੇ ਨਾਂ ਦੱਸ ਸਕਦੇ ਹੋ? |
| **ਉਦੇਸ਼** | ਵਿਦਿਆਰਥੀਆਂ ਨੂੰ ਪੰਜਾਬ ਦੇ ਪ੍ਰਸਿੱਧ ਕਿੱਸਿਆਂ ਅਤੇ ਉਹਨਾਂ ਨੂੰ ਲਿਖਣ ਵਾਲਿਆਂ ਤੋਂ ਜਾਣੂ ਕਰਵਾਣਾ। |
| **ਤਕਨੀਕੀ ਯੰਤਰ** | ਸਮਾਰਟ ਬੋਰਡ, ਜ਼ੂਮ, ਸਕਰੀਨ ਸ਼ੇਅਰਿੰਗ। |
| **ਸਹਾਇਕ ਸਤੱਗਰੀ** | ਕਿਤਾਬ, white board, video and link |
| **ਵਿਸ਼ਾ ਸਮੱਗਰੀ** | ਪੰਜਾਬੀਆਂ ਦੇ ਪ੍ਰੇਮ – ਭਾਵ ਦੇ ਜਜ਼ਬੇ ਦਾ ਪ੍ਰੀਤ – ਕਥਾਵਾਂ ਰਾਹੀਂ ਲੋਕ – ਸਾਹਿਤ ਵਿੱਚ ਭਰਪੂਰ ਪ੍ਰਗਟਾਵਾ ਦੇਖਿਆ ਜਾ ਸਕਦਾ ਹੈ। ਪੰਜਾਬੀ ਦੀਆਂ ਪ੍ਰਸਿੱਧ ਪ੍ਰੀਤ – ਕਥਾਵਾਂ ਹੀਰ – ਰਾਂਝਾਂ ਅਤੇ ਮਿਰਜ਼ਾ – ਸਾਹਿਬਾ ਦੀਆਂ ਕਥਾਵਾਂ ਗਿਆਰ੍ਹਵੀਂ ਦੀ ਪਾਠ – ਪੁਸਤਕਾ ਵਿੱਚ ਸ਼ਾਮਿਲ ਹਨ। ਹੀਰ – ਰਾਂਝੇ ਦੀ ਪ੍ਰੀਤ – ਕਹਾਣੀ ਪੰਜਾਬ ਦੀ ਬਹੁਤ ਹਰਮਨ ਪਿਆਰੀ ਕਹਾਣੀ ਹੈ। ਦਮੋਦਰ, ਵਾਰਿਸ ਸ਼ਾਹ ਆਦਿ ਨੇ ਇਸਦੇ ਕਿੱਸੇ ਨੂੰ ਲਿਖਿਆ। ਬੁੱਲ੍ਹੇ ਸ਼ਾਹ ਨੇ ਹੀਰ – ਰਾਂਝੇ ਦੀ ਪ੍ਰਤੀਕ ਵਜੋਂ ਵਰਤੋਂ ਕੀਤੀ। ਮਿਰਜ਼ਾ – ਸਾਹਿਬ ਦੀ ਪ੍ਰੀਤ – ਕਥਾ ਨੂੰ ਵੀ ਉੱਚੀ ਥਾਂ ਪ੍ਰਾਪਤ ਹੈ। ਮਿਰਜ਼ਾ – ਸਾਹਿਬਾ ਦੀ ਪ੍ਰੀਤ ਬਾਰੇ ਦਰਜਨਾਂ ਹੀ ਕਿੱਸੇ ਲਿਖੇ ਗਏ। ਪੀਲੂ ਦਾ ਕਿੱਸਾ ਬਹੁਤ ਹਰਮਨ – ਪਿਆਰਾ ਹੈ। ਇਸ ਪ੍ਰੀਤ – ਕਥਾ ਦਾ ਅੰਤ ਦੁੱਖ ਭਰਿਆ ਹੁੰਦਾ ਹੈ। ਮਿਰਜ਼ੇ ਨੂੰ ਆਪਣੇ ਬਾਹੂ – ਬਲ ਅਤੇ ਤੀਰ – ਅੰਦਾਜ਼ੀ ਦੇ ਹੁਨਰ ਉੱਤੇ ਬਹੁਤ ਮਾਣ ਸੀ। ਕਿੱਸਾਕਾਰਾਂ ਨੇ ਸਾਹਿਬਾ ਨੂੰ ਆਪਣੇ ਭਰਾਵਾਂ ਦੇ ਪਿਆਰ ਅਤੇ ਪ੍ਰੇਮੀ ਦੇ ਪਿਆਰ ਦੇ ਵਿਕਾਰ ਦੁਚਿੱਤੀ ਦਾ ਸ਼ਿਕਾਰ ਵਿਖਾਇਆ ਹੈ। |
| **ਪੜ੍ਹਾਉਣ ਦਾ ਤਰੀਕਾ** | ਅਧਿਆਪਕ ਪਾਠ ਨੂੰ ਪੜ੍ਹਾਏਗਾ ਅਤੇ ਨਾਲ ਹੀ ਵਿਦਿਆਰਥੀਆਂ ਨੂੰ ਪੜ੍ਹਨ ਲਈ ਕਹੇਗਾ। ਅਧਿਆਪਕ ਦੁਆਰਾ ਔਖੇ ਸ਼ਬਦਾਂ ਦੇ ਅਰਥ ਅਤੇ ਪਾਠ ਦੇ ਸਰਲ – ਅਰਥ ਅਤੇ ਪਾਠ ਦੇ ਪਿੱਛੇ ਦਿੱਤੇ ਅਭਿਆਸ ਕਰਵਾਇਆ ਜਾਵੇਗਾ। |
| **ਵਿਦਿਆਰਥੀਆਂ ਦੀ ਸ਼ਮੂਲੀਅਤ** | ਇਸ ਵਿੱਚ ਪਤਾ ਲੱਗਦਾ ਹੈ ਕਿ ਵਿਦਿਆਰਥੀਆਂ ਨੇ ਕਿੰਨੇ ਧਿਆਨ ਨਾਲ ਪਾਠ ਸੁਣਿਆ ਅਤੇ ਵਿਦਿਆਰਥੀ ਅਧਿਆਪਕ ਤੋਂ ਪ੍ਰਸ਼ਨ ਪੁੱਛਣਗੇ। |
| **ਪੜਚੋਲ ਅਤੇ ਸਪੱਸ਼ਟੀਕਰਨ** | ਅਧਿਆਪਕ ਵਿਦਿਆਰਥੀਆਂ ਤੋਂ ਪਾਠ ਸੰਬੰਧਿਤ ਪ੍ਰਸ਼ਨ ਪੁੱਛੇਗਾ ਅਤੇ ਵਿਦਿਆਰਥੀਆਂ ਦੁਆਰਾ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦੇਵੇਗਾ। |
| **ਕਲਾਤਮਕ ਕਿਰਿਆਵਾਂ** | ਹੀਰ – ਰਾਂਝਾ ਅਤੇ ਮਿਰਜਾ – ਸਾਹਿਬਾ ਦੇ ਚਿੱਤਰ ਚਾਰਟ ਤੇ ਬਣਾਉਣ ਲਈ ਦਿੱਤੇ ਜਾਣਗੇ। |
| **ਦੁਹਰਾਈ** | ਕਿੱਸੇ ਯਾਦ ਕਰਨ ਲਈ ਦਿੱਤੇ ਜਾਣਗੇ। |
| **ਘਰ ਦਾ ਕੰਮ** | ਪਾਠ ਦੇ ਪਿੱਛੇ ਦਿੱਤੇ ਅਭਿਆਸ ਵਿੱਚ ਦੇ ਪ੍ਰਸ਼ਨਾਂ ਦੇ ਉੱਤਰ ਕਾਪੀ ਕਰਨ ਲਈ ਕਿਹਾ ਜਾਵੇਗਾ। |
| **ਮੁੱਲਾਂਕਣ** | ਵਿਦਿਆਰਥੀ ਹੀਰ – ਰਾਂਝਾ ਅਤੇ ਮਿਰਜ਼ਾ – ਸਾਹਿਬਾ ਦੇ ਕਿੱਸੇ ਤੋਂ ਜਾਣੂ ਹੋਏ। |

**ਵਿਸ਼ਾ:– ਅਣਡਿੱਠਾ ਪੈਰਾ (ਵਿਆਕਰਨ)**

| | |
|---|---|
| **ਪੂਰਵ ਗਿਆਨ ਦੀ ਪਰਖ** | 1. 'ਅਣਡਿੱਠਾ' ਤੋਂ ਕੀ ਭਾਵ ਹੈ?<br>2. ਪੈਰ੍ਹਾ ਪੜ੍ਹਨ ਤੋਂ ਪਹਿਲਾਂ ਕੀ ਪੜ੍ਹਨਾ ਚਾਹੀਦਾ ਹੈ? |
| **ਉਦੇਸ਼** | ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦਾ ਸਾਹਿਤ ਪੜ੍ਹਨ ਲਈ ਉਤਸ਼ਾਹਿਤ ਕਰਨਾ, ਧਿਆਨ ਨਾਲ ਪੜ੍ਹਨ ਦੀ ਲਗਨ ਪੈਦਾ ਕਰਨਾ, ਤਰਕ - ਸ਼ਕਤੀ ਨੂੰ ਵਧਾਵਾ ਦੇਣਾ। |
| **ਤਕਨੀਕੀ ਯੰਤਰ** | ਸਮਾਰਟ ਬੋਰਡ, ਜ਼ੂਮ, ਸਕਰੀਨ ਸ਼ੇਅਰਿੰਗ। |
| **ਸਹਾਇਕ ਸਤੱਗਰੀ** | ਵਿਆਕਰਨ, white board, video and link |
| **ਵਿਸ਼ਾ ਸਮੱਗਰੀ** | ਅਣਡਿੱਠੇ ਪੈਰ੍ਹੇ ਤੋਂ ਭਾਵ ਹੈ ਕਿ ਪੈਰ੍ਹਾ ਪਾਠ - ਪੁਸਤਕਾਂ ਤੋਂ ਬਾਹਰੋਂ, ਕਿਤੋਂ ਵੀ ਲਿਆ ਜਾ ਸਕਦਾ ਹੈ। ਇਹ ਅਣਦੇਖੀ ਰਚਨਾ ਹੁੰਦੀ ਹੈ। ਵਿਦਿਆਰਥੀਆਂ ਨੂੰ ਇਸਨੂੰ ਹੱਲ ਕਰਨ ਲਈ ਹੇਠ ਲਿਖੀਆਂ ਗੱਲਾ ਸਮਝਾਇਆਂ ਜਾਂਦੀਆਂ ਹਨ ਕਿ ਸਭ ਤੋਂ ਪਹਿਲਾਂ ਦਿੱਤਾ ਗਿਆ ਪੈਰ੍ਹਾ ਦੋ ਵਾਰੀ ਪੜ੍ਹ ਲਿਆ ਜਾਵੇ। ਪ੍ਰਸ਼ਨਾਂ ਨੂੰ ਚੰਗੀ ਤਰ੍ਹਾਂ ਸਮਝਿਆ ਜਾਵੇ ਤੇ ਉਸ ਵਿੱਚ ਪੁੱਛੀ ਗੱਲ ਬਾਰੇ ਸੋਚਿਆ ਜਾਵੇ। ਪਹਿਲਾਂ ਪ੍ਰਸ਼ਨ ਪੜ੍ਹ ਕੇ ਪੈਰ੍ਹੇ ਵਿੱਚੋਂ ਉਸਦਾ ਉੱਤਰ ਲੱਭ ਕੇ ਪੈਨਸਲ ਨਾਲ ਨਿਸ਼ਾਨ ਲਗਾਇਆ ਜਾਵੇ। ਫਿਰ ਉਸ ਉੱਤਰ ਨੂੰ ਆਪਣੀ ਭਾਸ਼ਾ ਵਿੱਚ ਠੀਕ ਬਣਾ ਕੇ ਲਿਖ ਲਿਆ ਜਾਵੇ। ਪੈਰ੍ਹੇ ਨੂੰ ਢੁਕਵਾ ਸਿਰਲੇਖ ਦੇਣ ਲਈ ਵੀ ਇੱਕ ਪ੍ਰਸ਼ਨ ਹੁੰਦਾ ਹੈ। ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ, ਪੈਰ੍ਹਾ ਕਿਸ ਵਿਸ਼ੇ ਦੁਆਲੇ ਘੁੰਮਦਾ ਹੈ ਉਸਨੂੰ ਮੰਨ ਕੇ ਉਸ ਉੱਪਰ ਸਿਰਲੇਖ ਬਣਾਓ। |
| **ਪੜ੍ਹਾਉਣ ਦਾ ਤਰੀਕਾ** | ਇਸ ਵਿੱਚ ਅਧਿਆਪਕ ਦੁਆਰਾ ਪੈਰ੍ਹੇ ਦਿੱਤੇ ਗਏ। ਪ੍ਰਸ਼ਨਾਂ ਨੂੰ ਪੜ੍ਹ ਕੇ 'ਤੇ ਫਿਰ ਪੈਰ੍ਹੇ ਦਿੱਤੇ ਗਏ। ਪ੍ਰਸ਼ਨਾਂ ਨੂੰ ਪੜ੍ਹ ਕੇ 'ਤੇ ਫਿਰ ਪੈਰ੍ਹੇ ਪੜ੍ਹਨ ਲਈ ਕਹਾ ਗਿਆ। ਵਿਦਿਆਰਥੀਆਂ ਦੁਆਰਾ ਪੈਰ੍ਹੇ ਪੜ੍ਹੇ ਗਏ ਅਤੇ ਪ੍ਰਸ਼ਨਾਂ ਦੇ ਉੱਤਰ ਲੱਭੇ ਗਏ। |
| **ਵਿਦਿਆਰਥੀਆਂ ਦੀ ਸ਼ਮੂਲੀਅਤ** | ਇਸ ਵਿੱਚ ਪਤਾ ਲੱਗਦਾ ਹੈ ਕਿ ਵਿਦਿਆਰਥੀਆਂ ਨੇ ਕਿੰਨੇ ਧਿਆਨ ਨਾਲ ਪੈਰ੍ਹਿਆਂ ਨੂੰ ਪੜ੍ਹਿਆ। ਕਿਸ ਤਰ੍ਹਾਂ ਦੇ ਅਧਿਆਪਕ ਤੋਂ ਪ੍ਰਸ਼ਨ - ਪੁੱਛੇ ਅਤੇ ਸਿਰਲੇਖ ਕਿਵੇਂ ਲਿਖਿਆ ਜਾਂਦਾ ਹੈ ਬਾਰੇ ਅਧਿਆਪਕ ਤੋਂ ਜਾਣਕਾਰੀ ਲਵੇਗਾ। |
| **ਪੜਚੋਲ ਅਤੇ ਸਪੱਸ਼ਟੀਕਰਨ** | ਅਧਿਆਪਕ ਦਿੱਤੇ ਗਏ ਪੈਰ੍ਹਿਆਂ ਦੇ ਪ੍ਰਸ਼ਨਾਂ ਦੇ ਉੱਤਰ ਪੁੱਛੇਗਾ ਅਤੇ ਵਿਦਿਆਰਥੀਆਂ ਦੁਆਰਾ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦੇਵੇਗਾ। |
| **ਕਲਾਤਮਕ ਕਿਰਿਆਵਾਂ** | ਪੈਰ੍ਹੇ ਨੂੰ ਇਕਾਗਰਚਿੱਤ ਹੋ ਕੇ ਪੜ੍ਹਨ, ਚੰਗੀ ਤਰ੍ਹਾਂ ਸਮਝਣ ਅਤੇ ਉੱਤਰ - ਲੱਭਣ ਦੀ ਜਾਂਚ ਸਿਖਾਈ ਗਈ। |
| **ਦੁਹਰਾਈ** | 8 – 10 ਪੈਰ੍ਹੇ ਦਿੱਤੇ ਗਏ ਅਤੇ ਪ੍ਰਸ਼ਨਾਂ ਦੇ ਉੱਤਰ ਕਾਪੀ ਵਿੱਚ ਕਰਨ ਲਈ ਕਿਹਾ ਗਿਆ। |
| **ਘਰ ਦਾ ਕੰਮ** | ਵਿਆਕਰਨ ਵਿੱਚ ਦਿੱਤੇ ਗਏ ਪੈਰ੍ਹਿਆਂ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਕਰਨ ਲਈ ਕਿਹਾ ਗਿਆ। |
| **ਮੁੱਲਾਂਕਣ** | ਅਣਡਿੱਠੇ ਪੈਰ੍ਹੇ ਪੜ੍ਹ ਕੇ ਵਿਦਿਆਰਥੀਆਂ ਦੀ ਤਰਕ - ਸ਼ਕਤੀ ਵਿੱਚ ਕਿਵੇਂ ਵਾਧਾ ਹੋਵੇਗਾ ਅਤੇ ਉਹ ਆਪਣੇ ਆਪ ਕਿਵੇਂ ਕਿਸੇ ਵੀ ਵਿਸ਼ੇ ਉੱਪਰ ਲਿਖ ਸਕਦੇ ਹਨ ਪਤਾ ਲੱਗੇਗਾ। |

**ਵਿਸ਼ਾ:- ਅਖਬਾਰਾਂ ਦੇ ਸੰਪਾਦਕ ਨੂੰ ਪੱਤਰ (ਵਿਆਕਰਨ)**

| | |
|---|---|
| **ਪੂਰਵ ਗਿਆਨ ਦੀ ਪਰਖ** | 1. ਪੰਜਾਬੀ ਅਖਬਾਰਾਂ ਦੇ ਨਾਂ ਦੱਸੋ।<br>2. ਪੰਜਾਬੀ ਅਖਬਾਰਾਂ ਕਿਹੜੇ – ਕਿਹੜੇ ਸ਼ਹਿਰਾਂ ਵਿੱਚ ਛਪਦੀਆਂ ਹਨ? |
| **ਉਦੇਸ਼** | ਵਿਦਿਆਰਥੀਆਂ ਨੂੰ ਸਿਖਾਣਾ ਕਿ ਸੰਪਾਦਕ ਨੂੰ ਪੱਤਰ ਕਿਵੇਂ ਲਿਖੇ ਜਾਂਦੇ ਹਨ, ਉਸ ਵਿੱਚ ਨਿਪੁੰਨ ਬਣਾਨਾ। |
| **ਤਕਨੀਕੀ ਯੰਤਰ** | ਸਮਾਰਟ ਬੋਰਡ, ਜ਼ੂਮ, ਸਕਰੀਨ ਸ਼ੇਅਰਿੰਗ। |
| **ਸਹਾਇਕ ਸਤੱਗਰੀ** | ਵਿਆਕਰਨ, white board, video and link |
| **ਵਿਸ਼ਾ ਸਮੱਗਰੀ** | ਵਿਦਿਆਰਥੀਆਂ ਨੂੰ ਪ੍ਰਸ਼ਨ ਲਿਖਵਾਇਆ ਗਿਆ ਅਤੇ ਪੱਤਰ ਲਿਖਣ ਦਾ ਤਰੀਕਾ ਸਮਝਾਇਆ ਗਿਆ ਉਹਨਾਂ ਨੂੰ ਦੱਸਿਆ ਗਿਆ ਕਿ ਕਿਵੇਂ ਲੋਕ ਆਪਣੀ ਰੁਚੀ, ਸੋਚ ਤੇ ਜ਼ਰੂਰਤ ਮੁਤਾਬਕ ਕਿਸੇ ਨਾ ਕਿਸੇ ਵਿਸ਼ੇ ਬਾਰੇ ਆਪਣੀਆਂ ਰਾਵਾਂ ਲਿਖਦੇ ਹਨ। ਉਹਨਾਂ ਦੁਆਰਾ ਸਰਕਾਰੀ ਨੀਤੀਆਂ ਅਤੇ ਕਾਰਜਗੁਜ਼ਾਰੀ ਉੱਤੇ ਟਿੱਪਣੀ ਕੀਤੀ ਹੁੰਦੀ ਹੈ। ਸਰਕਾਰ ਦੇ ਸੰਬੰਧਿਤ ਵਿਭਾਗ ਇਹਨਾਂ ਪੱਤਰਾਂ ਦਾ ਨੋਟਿਸ ਲੈਂਦੇ ਹਨ ਅਤੇ ਲੋੜੀਂਦੀ ਕਾਰਵਾਈ ਕਰਨ ਲਈ ਹਰਕਤ ਵਿੱਚ ਆ ਜਾਂਦੇ ਹਨ। ਇਸ ਵਿੱਚ ਵਿਦਿਆਰਥੀਆਂ ਨੂੰ ਦੱਸਿਆ ਕਿ ਪੱਤਰ ਦੀ ਸ਼ੁਰੂਆਤ ਸੱਜੇ ਹੱਥ ਤੋਂ ਕਰਨੀ ਹੈ ਉਸ ਵਿੱਚ ਕੀ – ਕੀ ਲਿਖਣਾ ਹੈ ਫੇਰ ਖੱਬੇ – ਹੱਥ 'ਸੇਵਾ ਵਿਖੇ' ਤੋਂ ਸ਼ੁਰੂਆਤ ਕਰਕੇ ਉਸਦੇ ਨਿੱਚੇ ਸੰਪਾਦਕ ਸਾਹਿਬ, ਅਖਬਾਰ ਦਾ ਨਾਂ, ਸ਼ਹਿਰ ਦਾ ਨਾਂ ਵਿਸ਼ਾ ਆਦਿ ਲਿਖਣਾ ਹੈ। ਸ਼੍ਰੀਮਾਨ ਤੋਂ ਬਾਅਦ ਪੂਰੀ ਸਮੱਗਰੀ ਦੇਣੀ ਹੈ ਜਿਹੜੀ ਤੁਹਾਡੇ ਵਿਸ਼ੇ ਨਾਲ ਢੁਕਦੀ ਹੋਵੇ। |
| **ਪੜ੍ਹਾਉਣ ਦਾ ਤਰੀਕਾ** | ਇਸ ਵਿੱਚ ਅਧਿਆਪਕ ਵਿਦਿਆਰਥੀਆਂ ਨੂੰ ਅਖਬਾਰ ਵਿੱਚੋਂ ਕੁੱਝ ਵਿਸ਼ਿਆਂ ਤੇ ਲੋਕਾਂ ਦੀ ਰਾਇ, ਘਟਨਾਵਾਂ ਅਦੇ ਸਰਕਾਰ ਵੱਲੋਂ ਜਿਨ੍ਹਾਂ ਵਿਸ਼ਿਆਂ ਤੇ ਧਿਆਨ ਨਹੀਂ ਦਿੱਤਾ ਜਾ ਰਿਹਾ ਬਾਰੇ ਪੜ੍ਹਣ ਲਈ ਕਹੇਗਾ। ਅਤੇ ਫਿਰ ਉਨ੍ਹਾਂ ਨੂੰ ਸਮਝਾਏਗਾ ਕਿ ਲੋਕ ਅਖਬਾਰ ਨੂੰ ਪੜ੍ਹ ਕੇ ਅਖਬਾਰ ਦੇ ਸੰਪਾਦਕ ਨੂੰ ਆਪਣੀ ਰਾਏ ਭੇਜਦੇ ਹਨ ਉਹ ਇਸਨੂੰ ਕਿਵੇਂ ਲਿਖਦੇ ਹਨ ਬਾਰੇ ਦੱਸੇਗਾ। |
| **ਵਿਦਿਆਰਥੀਆਂ ਦੀ ਸ਼ਮੂਲੀਅਤ** | ਇਸ ਵਿੱਚ ਇਹ ਪਤਾ ਲੱਗਦਾ ਹੈ ਕਿ ਵਿਦਿਆਰਥੀਆਂ ਨੇ ਅਖਬਾਰ ਦੇ ਹਰ ਪੰਨੇ ਤੋਂ ਕੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਭਰਪੂਰ ਜਾਣਕਾਰੀ ਲੈਣ ਲਈ ਅਧਿਆਪਕ ਤੋਂ ਪ੍ਰਸ਼ਨ ਪੁੱਛਣਗੇ। |
| **ਪੜਚੋਲ ਅਤੇ ਸਪੱਸ਼ਟੀਕਰਨ** | ਅਧਿਆਪਕ ਵਿਦਿਆਰਥੀਆਂ ਤੋਂ ਅਖਬਾਰ ਵਿੱਚ ਕਿਬ – ਕਿਸ ਤਰ੍ਹਾਂ ਦੀਆਂ ਖਬਰਾਂ ਅਤੇ ਪੱਤਰ ਸ਼ਾਮਿਲ ਕੀਤੇ ਜਾਂਦੇ ਹਨ ਬਾਰੇ ਪ੍ਰਸ਼ਨ – ਪੁੱਛੇਗਾ ਅਤੇ ਵਿਦਿਆਰਥੀਆਂ ਦੁਆਰਾ ਪੁੱਛੇ ਗਏ ਪ੍ਰਸ਼ਨਾਂ ਦੇ ਜਵਾਬ ਦੇਵੇਗਾ। |
| **ਕਲਾਤਮਕ ਕਿਰਿਆਵਾਂ** | ਵਿਦਿਆਰਥੀਆਂ ਨੂੰ ਅਖਬਾਰ ਵਿੱਚੋਂ ਕੁਝ ਘਟਨਾਵਾਂ, ਆਲੋਚਨਾ, ਰਿਪੋਰਟ ਆਦਿ ਉੱਪਰ ਲਿਖੀ ਗਈਆਂ ਰਚਨਾਵਾਂ ਦੀ ਕਟਿੰਗ ਕਰਨ ਅਤੇ ਕਾਪੀ 'ਤੇ ਲਗਾਉਣ ਲਈ ਕਿਹਾ ਗਿਆ। |
| **ਦੁਹਰਾਈ** | ਅਖਬਾਰ ਦੇ ਸੰਪਾਦਕ ਦੇ ਨਾਂ ਪੱਤਰ ਨੂੰ ਕਿਵੇਂ ਲਿਖਿਆ ਜਾਂਦਾ ਹੈ ਦਾ ਪ੍ਰਫੋਰਮਾ ਤਿਆਰ ਕਰਨ ਲਈ ਕਿਹਾ ਗਿਆ। |
| **ਘਰ ਦਾ ਕੰਮ** | ਅਖਬਾਰ ਦੇ ਸੰਪਾਦਕ ਦੇ ਨਾਂ ਅਲੱਗ – ਅਲੱਗ ਵਿਸ਼ੇ ਉੱਪਰ ਪੱਤਰ ਲਿਖਣ ਲਈ ਕਾਪੀ 'ਤੇ ਦਿੱਤੇ ਗਏ। |
| **ਮੁੱਲਾਂਕਣ** | ਵਿਦਿਆਰਥੀਆਂ ਨੂੰ ਆਮ ਜ਼ਿੰਦਗੀ ਵਿੱਚ ਕਿਵੇਂ ਵਿਚਰਿਆ ਜਾਂਦਾ ਹੈ ਅਤੇ ਜ਼ਿੰਦਗੀ ਵਿੱਚ ਕੀ – ਕੀ ਕਠਿਨਾਈਆਂ ਆਉਂਦੀਆਂ ਹਨ ਅਤੇ ਸਰਕਾਰ ਦਾ ਧਿਆਨ ਕਿਵੇਂ ਚੀਜ਼ਾਂ ਵੱਲ ਕਵਾਇਆ ਜਾ ਸਕਦਾ ਹੈ ਬਾਰੇ ਇਸ ਤੋਂ ਸਿੱਖਣਗੇ। |